# 30 ਅਕਤੂਬਰ 1928 ਨੂੰ ਸਾਈਮਨ ਕਮੀਸ਼ਨ ਦੀ ਲਾਹੌਰ ਫੇਰੀ ਨੇ ਬਦਲੇ ਸਿਆਸੀ ਸਮੀਕਰਨ

ਮਲਵਿੰਦਰ ਜੀਤ ਸਿੰਘ ਵੜੈਚ

ਸਾਈਮਨ ਕਮਿਸ਼ਨ ਜੋ ਬਰਤਾਨਵੀ ਹਕੂਮਤ ਵੱਲੋਂ ਇਹ ਵੇਖਣ ਆਇਆ ਸੀ ਕਿ ਕੀ ਭਾਰਤ ਨੂੰ ਕੁੱਝ ਹੋਰ ਰਿਆਇਤਾਂ ਦਿੱਤੀਆਂ ਜਾਣ ਜਾਂ ਨਹੀਂ, ਪਰ ਇਸ ਵਿੱਚ ਭਾਰਤ ਦਾ ਇੱਕ ਵੀ ਨੁਮਾਇੰਦਾ ਨਾ ਹੋਣ ਕਰਕੇ ਭਾਰਤ ਵਿੱਚ ਏਸ ਵਿਰੁੱਧ ਆਪ-ਮੁਹਾਰੇ ਰੋਹ ਭੜਕ ਉਠਿਆ, ਜਿਸ ਦੇ 3 ਫਰਵਰੀ 1928 ਨੂੰ ਬੰਬਈ ਬੰਦਰਗਾਹ ਤੇ ਜਹਾਜ਼ੋਂ ਉਤਰਨ ਤੋਂ ਲੈ ਕੇ ਸ਼ਹਿਰ-ਸ਼ਹਿਰ 'ਚ ਜਨਤਾ ਨੇ ਕਾਲੇ ਝੰਡਿਆਂ ਨਾਲ, 'ਸਾਈਮਨ ਕਮਿਸ਼ਨ ਗੋ ਬੈਕ' ਵਾਲੇ ਬੈਨਰ ਲਹਿਰਾਉਂਦਿਆਂ ਇਹਦਾ 'ਸਵਾਗਤ' ਕੀਤਾ।

30 ਅਕਤੂਬਰ 1928 ਨੂੰ ਇਹਦੀ ਲਾਹੌਰ ਫੇਰੀ ਵੇਲੇ ਜੰਤਕ ਵਿਰੋਧ ਨੂੰ ਲਾਮਬੰਦ ਕਰਨ ਵਿੱਚ ਨੌਜਵਾਨ ਭਾਰਤ ਸਭਾ ਸਭ ਤੋਂ ਵੱਧ ਸਰਗਰਮ ਸੀ। ਵਿਰੋਧ ਪ੍ਰਦਰਸ਼ਨ ਦੀ ਅਗਵਾਈ ਬਜ਼ੁਰਗ ਆਗੂ ਲਾਲਾ ਲਾਜਪਤ ਰਾਏ ਕਰ ਰਹੇ ਸਨ। ਸਾਈਮਨ ਕਮਿਸ਼ਨ ਦੇ ਲਾਹੌਰ ਸਟੇਸ਼ਨ ਤੋਂ ਬਾਹਰ ਨਿਕਲਣ ਵਾਲੀ ਸੜਕ ਨੂੰ ਸੈਂਕੜੇ ਲਾਹੌਰ ਵਾਸੀ ਰੋਕੀ ਖੜੇ ਸਨ। ਪੁਲਿਸ ਭੀੜ ਵਿੱਚੋਂ ਰਾਹ ਬਨਾਉਣ ਵਿੱਚ ਨਾਕਾਮ ਹੋ ਰਹੀ ਸੀ, ਤਾਂ ਫਿਰ ਪੁਲਿਸ ਕਪਤਾਨ ਸਕਾਟ ਨੇ ਖ਼ੁਦ ਹੱਥੀਂ ਡੰਡਾ ਫੜ ਕੇ ਭੀੜ ਵੱਲ ਨੂੰ ਵਧਦਿਆਂ ਪੁਲਿਸ ਨੂੰ ਲਾਠੀ ਚਾਰਜ ਕਰਨ ਦਾ ਹੁਕਮ ਦੇ ਦਿੱਤਾ। ਸਹਾਇਕ ਪੁਲਿਸ ਕਪਤਾਨ ਸਾਂਡਰਸ ਵੀ ਉਹਦੇ ਨਾਲ ਭੀੜ ਤੇ ਡੰਡੇ ਵਰ੍ਹਾ ਰਿਹਾ ਸੀ। **ਯਸ਼ਪਾਲ** ਨੇ, ਜੋ ਉਸ ਵੇਲੇ ਲਾਲਾ ਜੀ ਦੇ ਆਸ-ਪਾਸ ਹੀ ਮੌਜੂਦ ਸੀ, ਲਿਖਿਆ ਹੈ, "ਨੌਜਵਾਨਾਂ ਨੇ ਲਾਲਾ ਜੀ ਦ ਸਿਰ ਤੇ ਜੋ ਛਤਰੀ ਤਾਣ ਰੱਖੀ ਸੀ, ਕੁੱਝ ਡਾਗਾਂ ਉਹਦੇ 'ਤੇ ਵੱਜੀਆਂ  ਜੀਹਦੇ ਨਾਲ ਲਾਲਾ ਜੀ ਨੂੰ ਵੀ ਸੱਟਾਂ ਲੱਗੀਆਂ।" ਨੰਗੇ ਪਿੰਡੇ ਖਿਚੀ ਤਸਵੀਰ 'ਚ ਛਾਤੀ ਤੇ ਵਿੰਗੇ-ਟੇਢੇ ਸੱਟਾਂ ਦੇ ਨਿਸ਼ਾਨ-ਛਤਰੀ ਹੇਠਲੀਆਂ ਤਾਰਾਂ ਦੀਆਂ ਘੜੀਸਾਂ ਹੋ ਸਕਦੀਆਂ ਨੇ; ਭਾਵੇਂ ਕਿ 30 ਅਕਤੂਬਰ ਸ਼ਾਮੀਂ 6 ਵਜੇ ਦੀ, ਤੇ ਅਗਲੇ ਦਿਨ ਦੀਆਂ ਸਵੇਰ, ਦੁਪਹਿਰ ਅਤੇ ਸ਼ਾਮ ਦੀਆਂ ਡਾਕਟਰੀ ਜਾਂਚ ਰਿਪੋਰਟਾਂ ਕਿਸੇ ਗੰਭੀਰ ਚੋਟ ਵੱਲ ਸੰਕੇਤ ਨਹੀਂ ਕਰਦੀਆਂ, ਪਰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਲਾਲਾ ਜੀ ਦੀ 17 ਨਵੰਬਰ ਨੂੰ ਹੋਈ ਮ੍ਰਿਤੂ ਪਿੱਛੇ ਕਾਰਨ ਇਹੋ ਲਾਠੀ ਚਾਰਜ ਹੀ ਸੀ, ਭਾਵੇਂ ਇਹ ਸਦਮੇ (trauma) ਕਰਕੇ ਵੀ ਹੋਈ ਹੋਵੇ। ਜ਼ਿਕਰ ਯੋਗ ਹੈ ਕਿ ਲਾਠੀ ਚਾਰਜ ਵਾਲੀ ਸ਼ਾਮ ਨੂੰ ਹੀ ਲਾਲਾ ਜੀ ਨੇ ਇੱਕ ਵੱਡੇ ਪਬਲਿਕ ਜਲਸੇ ਵਿੱਚ ਬੜਾ ਹੀ ਜੋਸ਼ੀਲਾ ਭਾਸ਼ਨ ਦਿੱਤਾ ਸੀ, ਜਿਸ ਵਿੱਚ ਉਹਨਾਂ ਨੇ ਕਿਹਾ ਸੀ ਕਿ 'ਮੇਰੇ ਦੁਸ਼ਮਣੋਂ, ਸਾਨੂੰ ਮਾਰੀ ਹੋਈ ਤੁਹਾਡੀ ਹਰੇਕ ਲਾਠੀ ਭਾਰਤ ਵਿੱਚ ਬਰਤਾਨਵੀ ਹਕੂਮਤ ਦੇ ਕਫਨ ਵਿੱਚ ਆਖਰੀ ਮੇਖ ਸਾਬਤ ਹੋਵੇਗੀ।'

ਕੁੱਝ ਵੀ ਹੋਵੇ, ਲੋਕਾਂ ਨੇ ਲਾਲਾ ਜੀ ਦੀ ਮੌਤ ਲਈ ਪੁਲਿਸ ਵੱਲੋਂ ਕੀਤ  ਗਏ  ਲਾਠੀ ਚਾਰਜ ਨੂੰ ਹੀ ਜ਼ਿਮੇਵਾਰ ਠਹਿਰਾਇਆ। ਉਧਰ ਭਾਵੇਂ ਨੌਜਵਾਨ ਭਾਰਤ ਸਭਾ ਦੇ ਨੌਜਵਾਨਾਂ ਦੇ ਲਾਲਾ ਜੀ ਨਾਲ ਤਿਖੇ ਮਤਭੇਦ ਸਨ, ਪਰ ਹੁੰਨ ਇਹਨਾਂ ਮਹਿਸੂਸ ਕੀਤਾ ਕਿ ਗੰਭੀਰ ਸਿਧਾਂਤਕ ਵਿਖਰੇਵਿਆਂ ਦੇ ਬਾਵਜੂਦ ਸਾਡੇ ਇੱਕ ਬਜ਼ੁਰਗ ਨੇਤਾ ਦੀ ਜਾਨ ਲਾਠੀ ਚਾਰਜ ਨਾਲ ਵਾਪਰੀ ਚੋਟ ਕਾਰਨ ਚਲੀ ਜਾਣ ਦੇ ਬਾਵਜੂਦ ਸਰਕਾਰ ਵੱਲਂ ਉਹਨਾਂ ਪੁਲਸੀਆਂ ਵਿਰੁੱਧ ਕਾਰਵਾਈ ਤਾਂ ਕਿਤੇ ਰਹੀ, ਖੇਦ ਤੱਕ ਵੀ ਨਹੀਂ ਜਿਤਾਇਆ ਗਿਆ, ਤਾਂ ਉਹ ਭੜਕ ਉਠੇ।

ਸੋ ਬਦਲਾ ਲੈਣ ਦੀਆਂ ਸਬੀਲਾਂ ਬਣ ਗਈਆਂ ਤੇ ਨੰਬਰ ਲੱਗਾ, ਪੁਲਿਸ ਕਪਤਾਨ ਸਕਾਟ ਦਾ, ਜੀਹਨੇ ਆਪ ਮੂਹਰੇ ਹੋ ਕੇ ਡੰਡਾ ਵੀ ਵਾਹਿਆ ਸੀ ਤੇ ਫੋਰਸ ਨੂੰ ਜ਼ੋਰਦਾਰ ਲਾਠੀ ਚਾਰਜ ਦਾ ਹੁਕਮ ਵੀ ਦਿੱਤਾ ਸੀ। ਤਿਆਰੀ ਵਜੋਂ ਹੋਰਨਾਂ ਤੋਂ ਇਲਾਵਾ ਰਾਜਗੁਰੂ ਨੂੰ ਵੀ ਲਾਹੌਰ ਬੁਲਾ ਲਿਆ ਗਿਆ ਤੇ ਝਾਂਸੀ ਤੋਂ ਭਗਵਾਨ ਦਾਸ ਮਹੌਰ ਨੂੰ ਵੀ; ਦਸੰਬਰ ਦੇ ਦੂਜੇ ਹਫਤੇ ਸਕੀਮ ਨੂੰ ਅੰਤਮ ਛੋਹਾਂ ਦਿੱਤੀਆਂ ਜਾ ਰਹੀਆਂ ਸਨ।

## ਸਾਂਡਰਸ ਦੇ ਕਤਲ ਦੇ ਸਰੋਕਾਰ

ਜਦੋਂ 8-9 ਸਤੰਬਰ 1928 ਨੂੰ ਦਿੱਲੀ ਵਿਖੇ ਨਵੇਂ ਇਨਕਲਾਬੀ ਦਲ, ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦੀ ਸਿਰਜਨਾ ਹੋਈ ਸੀ ਤਾਂ ਇਨ੍ਹਾਂ ਨੌਜਵਾਨਾਂ ਨੇ ਆਪਣੇ ਪਿਛਲੇ ਦਲ ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ ਦੇ ਤਜਰਬੇ ਦੇ ਮੱਦੇਨਜ਼ਰ ਇਸ ਨਵੀਂ ਪਾਰਟੀ ਦੀ ਵਾਗਡੋਰ ਕਿਸੇ ਇੱਕ ਵਿਅਕਤੀ ਨੂੰ ਦੇਣ ਦੀ ਬਜਾਏ ਸੱਤ ਮੈਂਬਰੀ ਕਮੇਟੀ ਨੂੰ ਹੀ ਸੌਂਪਣ ਦਾ ਫ਼ੈਸਲਾ ਕੀਤਾ ਸੀ।

ਨਾਲੇ ਸਿਵ ਵਰਮਾ ਅਨੁਸਾਰ, "ਇਸ ਤੋਂ ਪਹਿਲਾਂ ਇਨਕਲਾਬੀਆਂ ਦੀ ਤਾਕਤ ਦਾ ਇੱਕ ਅੱਛਾ-ਖਾਸਾ ਹਿੱਸਾ, ਸਰਕਾਰੀ ਗਵਾਹਾਂ, ਮੁਖ਼ਬਰਾਂ ਅਤੇ ਜਸੂਸੀ ਵਿਭਾਗ ਦੇ ਅਧਿਕਾਰੀਆਂ ਨੂੰ ਮਾਰਨ ਅਤੇ ਪੈਸਾ ਜੁਟਾਉਣ ਲਈ ਡਾਕੇ ਮਾਰਨ ਵਿੱਚ ਹੀ ਖ਼ਤਮ ਹੋ ਜਾਂਦਾ ਸੀ। ਇਨ੍ਹਾਂ ਕੰਮਾਂ ਨਾਲ ਜਿੰਨਾ ਲਾਭ ਹੁੰਦਾ, ਉਸ ਤੋਂ ਕਿਤੇ ਜ਼ਿਆਦਾ ਕੀਮਤ ਅਸੀਂ ਚੁਕਾ ਚੁੱਕੇ ਹੁੰਦੇ ਸਾਂ। ਦਿੱਲੀ ਵਿੱਚ ਇਸ ਸੰਬੰਧੀ ਵੀ ਇੱਕ ਖ਼ਾਸ ਨੀਤੀ ਅਪਣਾਈ ਗਈ। ਅਸੀਂ ਤੈਅ ਕੀਤਾ ਕਿ ਪੈਸੇ ਖਾਤਰ ਜਿੱਥੋਂ ਤੱਕ ਸੰਭਵ ਹੋਵੇਗਾ ਅਸੀਂ ਸਰਕਾਰੀ ਪੈਸੇ

ਨੂੰ ਹੱਥ ਪਾਵਾਂਗੇ ਅਤੇ ਐਕਸ਼ਨ ਵੀ ਇਸ ਤਰ੍ਹਾਂ ਦੇ ਹੀ ਚੁਣੇ ਜਾਣਗੇ ਜਿਹਨਾਂ ਦਾ ਜਨਤਾ ਅਤੇ ਦੇਸ਼ ਦੀਆਂ ਰਾਜਨੀਤਿਕ ਸਮੱਸਿਆਵਾਂ ਨਾਲ ਸਿੱਧਾ ਸੰਬੰਧ ਹੋਵੇ।"

ਇਸੇ ਨਜ਼ਰੀਏ ਦੀ ਪੁਸ਼ਟੀ ਕਰਦਾ ਹੈ ਸਾਂਡਰਸ ਦੇ ਕਤਲ ਉਪਰੰਤ ਜਾਰੀ ਕੀਤੇ ਗਏ ਇਸ਼ਤਿਹਾਰ ਦਾ ਤੱਤ-ਸਾਰ:

**"ਨੋਟਿਸ**

"ਵੱਲੋਂ: ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ

"ਅਫਸਰਸਾਹੀ ਖਬਰਦਾਰ!

**"ਜੇ.ਪੀ. ਸਾਂਡਰਸ ਦੇ ਕਤਲ ਨਾਲ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈ ਲਿਆ ਗਿਆ ਹੈ।**

..."ਸਾਨੂੰ ਮਨੁੱਖੀ ਖ਼ੂਨ ਵਹਾਉਣ ਦਾ ਅਫਸੋਸ ਹੈ, ਪਰ ਇਨਕਲਾਬ ਦੀ ਵੇਦੀ ਨੂੰ ਖ਼ੂਨ ਵਿੱਚ ਰੰਗਣਾ ਲਾਜ਼ਮੀ ਹੁੰਦਾ ਹੈ। ਸਾਡਾ ਅਸਲ ਟੀਚਾ ਅਜਿਹਾ ਇਨਕਲਾਬ ਲਿਆਉਣਾ ਹੈ, ਜਿਸ ਵਿੱਚ ਮਨੁੱਖ ਦੇ ਹੱਥੋਂ ਮਨੁੱਖ ਦੀ ਲੁਟ ਨਹੀਂ ਹੋਵੇਗੀ।

"ਇਨਕਲਾਬ ਜ਼ਿੰਦਾਬਾਦ

"(ਦਸਤਖਤ) ਬਲਰਾਜ<br>"ਕਮਾਂਡਰ-ਇਨ-ਚੀਫ<br>"ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ"

## ਕਤਲ ਦੀ ਵਾਰਦਾਤ ਅਤੇ ਭਗਤ ਸਿੰਘ, ਰਾਜਗੁਰੂ ਅਤੇ ਆਜ਼ਾਦ ਦਾ ਲਾਹੌਰੋਂ ਬਚ ਨਿਕਲਣਾ

17 ਦਸੰਬਰ ਨੂੰ ਸਕਾਟ ਨੂੰ ਸ਼ਾਮੀ ਚਾਰ ਕੁ ਵਜੇ ਦਫ਼ਤਰੋਂ ਨਿਕਲਦੇ ਨੂੰ ਗੋਲੀ ਮਾਰਨ ਲਈ ਰਾਜਗੁਰੂ ਅਤੇ ਭਗਤ ਸਿੰਘ ਨੇ ਪਿਸਤੌਲਾਂ ਨਾਲ ਲੈਸ ਹੋ ਕੇ ਦਫ਼ਤਰ ਸਾਹਮਣੇ ਟਹਿਲਦੇ ਰਹਿਣਾ ਸੀ। ਜੈਗੋਪਾਲ ਨੇ ਸਕਾਟ ਨੂੰ ਆਉਂਦੇ ਵੇਖ ਕੇ ਸੰਕੇਤ ਦੇਣਾ ਸੀ ਤੇ ਸਾਹਮਣੇ ਡੀ.ਏ.ਵੀ. ਕਾਲਜ ਦੇ ਅਹਾਤੇ ਵਿੱਚ ਖੜ੍ਹੇ ਆਜ਼ਾਦ ਉਪਰ ਭਗਤ ਸਿੰਘ ਅਤੇ ਰਾਜਗੁਰੂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸੀ। ਇਤਫ਼ਾਕ ਨਾਲ ਉਸ ਦਿਨ ਸਕਾਟ ਦੌਰੇ ਤੇ ਗਿਆ ਹੋਇਆ ਸੀ ਤੇ ਨਿਯਤ ਸਮੇਂ ਤੇ ਉਪ ਕਪਤਾਨ ਸਾਂਡਰਸ ਨੂੰ ਮੋਟਰ ਸਾਈਕਲ ਤੇ ਬਾਹਰ ਨਿਕਲਦੇ ਨੂੰ ਵੇਖ ਰਾਜਗੁਰੂ ਨੇ ਉਸ 'ਤੇ ਗੋਲੀ ਚਲਾ ਦਿੱਤੀ ਤੇ ਫਿਰ ਭਗਤ ਸਿੰਘ ਨੇ ਵੀ ਉਹਦੇ 'ਤੇ ਗੋਲੀਆਂ ਦਾਗੀਆਂ, ਜਿਸ ਨਾਲ ਉਹ ਮੌਕੇ ਤੇ ਹੀ ਢਹਿ-ਢੇਰੀ ਹੋ ਗਿਆ।

**ਸੁਖ ਦੇਵ** ਅਨੁਸਾਰ, "ਅਸਲ ਵਿੱਚ ਸਕਾਟ ਨੂੰ ਮਾਰਨਾ ਭਗਤ ਸਿੰਘ ਨੇ ਹੀ ਸੀ ਤੇ ਰਾਜਗੁਰੂ ਨੇ ਭਗਤ ਸਿੰਘ ਦੀ ਹਿਫਾਜ਼ਤ ਕਰਨੀ ਸੀ ਤੇ ਆਜ਼ਾਦ ਨੇ ਇਹਨਾ ਦੋਹਾਂ ਦੀ। ਰਾਜਗੁਰੂ ਨੂੰ ਤਾਂ ਸਕਾਟ ਦੀ ਪਹਿਚਾਣ ਹੀ ਨਹੀਂ ਸੀ; ਪਰ ਜਦ ਰਾਜ ਗੁਰੂ ਨੇ ਸਾਂਡਰਸ ਤੇ ਗੋਲੀ ਦਾਗ਼ ਦਿੱਤੀ ਤਾਂ ਫਿਰ ਭਗਤ ਸਿੰਘ ਦਾ ਤਾਂ ਫਾਇਰ ਕਰਨਾ ਲਾਜ਼ਮੀ ਸੀ।"

ਇਸ ਤਰ੍ਹਾਂ ਇਹ ਦੋਵੇਂ ਸਾਂਡਰਸ ਨੂੰ ਮਾਰ ਕੇ ਡੀ.ਏ.ਵੀ. ਕਾਲਜ ਦੇ ਅਹਾਤੇ ਵੱਲ ਨੂੰ ਦੌੜੇ ਤੇ ਇਨ੍ਹਾਂ ਦੇ ਪਿੱਛੇ ਦੌੜ ਪਿਆ ਸਾਂਡਰਸ ਦਾ ਅਰਦਲੀ ਹੌਲਦਾਰ ਚੰਨਣ ਸਿੰਘ, ਜੋ ਗਾਲ੍ਹਾਂ ਕੱਢਦਾ ਇਨ੍ਹਾਂ ਨੂੰ ਫੜਨ ਲਈ ਦੌੜਨ ਲੱਗਾ ਤੇ ਆਜ਼ਾਦ ਦੇ ਵਰਜਣ ਤੇ ਵੀ ਨਹੀਂ ਟਲਿਆ ਅਤੇ ਉਹਨਾਂ ਦਾ ਪਿਛਾ ਕਰਦਾ ਰਿਹਾ। ਉਸ ਸਮੇਂ ਭਗਤ ਸਿੰਘ ਅੱਗੇ ਦੌੜ ਰਿਹਾ ਸੀ ਅਤੇ ਰਾਜਗੁਰੂ ਉਸ ਦੇ ਪਿੱਛੇ ਸੀ। ਚੰਨਣ ਸਿੰਘ ਦੀ ਅੱਖ ਚੂੰਕਿ ਭਗਤ ਸਿੰਘ ਤੇ ਸੀ ਤੇ ਉਹ ਰਾਜਗੁਰੂ ਨੂੰ ਪਿੱਛੇ ਛੱਡਦਾ ਹੋਇਆ ਭਗਤ ਸਿੰਘ ਵੱਲ ਨੂੰ ਵੱਧ ਰਿਹਾ ਸੀ। ਆਜ਼ਾਦ ਨੇ ਜਦੋਂ ਦੇਖਿਆ ਕਿ ਉਹ ਭਗਤ ਦੇ ਬਿਲਕੁਲ ਨੇੜੇ ਢੁੱਕ ਰਿਹਾ ਹੈ ਤਾਂ ਉਹਨੇ ਸੋਚਿਆ ਕਿ ਜੇ ਹੁਣ ਰੱਤੀ ਭਰ ਵੀ ਢਿੱਲ ਕੀਤੀ ਤਾਂ ਇਹ ਭਗਤ ਸਿੰਘ ਨੂੰ ਦਬੋਚ ਲਵੇਗਾ ਤੇ ਫਿਰ ਗੋਲੀ ਤਾਂ ਚਲਾਈ ਹੀ ਨਹੀਂ ਜਾ ਸਕੇਗੀ ਤੇ ਫਿਰ ਉਹਨੇ ਗਿਣ-ਮਿੱਥ ਕੇ ਚੰਨਣ ਸਿੰਘ ਦੇ ਪੱਟ ਤੇ ਨਿਸ਼ਾਨਾ ਸੇਧਿਆ, ਜੀਹਦੇ ਨਾਲ ਉਹ ਮੂਧੇ-ਮੂੰਹ ਡਿਗ ਪਿਆ। ਮਗਰੋਂ ਗੋਰੇ ਹਾਕਮਾਂ ਨੇ ਉਹਦੀ ਸੁਰਤ ਲੈਣ ਦੀ ਬਜਾਇ ਮਰੇ ਹੋਏ ਸਾਂਡਰਸ ਨੂੰ ਹੀ ਕਾਰ ਵਿੱਚ ਹਸਪਤਾਲ ਪਹੁੰਚਾਉਣ ਦੀ ਕੀਤੀ ਤੇ ਉਹਨਾਂ ਦੇ ਵਫਾਦਾਰ ਹੌਲਦਾਰ ਨੂੰ ਦੋ ਵਿਦਿਆਰਥੀਆਂ ਨੇ ਟਾਂਗੇ ਵਿੱਚ ਪਾ ਕੇ ਨੇੜਲੀ ਡਿਸਪੈਂਸਰੀ ਵਿੱਚ ਪਹੁੰਚਾਇਆ, ਜਿੱਥੇ ਉਸਨੂੰ ਫੌਰਨ ਮਿਓ-ਹਸਪਤਾਲ ਭੇਜ ਦਿੱਤਾ ਗਿਆ; ਪਰ ਉਹ ਰਾਹ ਵਿੱਚ ਹੀ ਦਮ ਤੋੜ ਗਿਆ। ਜ਼ਿਕਰਯੋਗ ਹੈ ਕਿ ਉਹਦੀ ਮੌਤ ਕੇਵਲ ਬੇਹਿਸਾਬੇ ਖ਼ੂਨ ਦੇ ਵਹਿ ਜਾਣ ਕਰਕੇ ਹੋਈ ਸੀ। ਜੇਕਰ ਉਹਨੂੰ ਫੌਰਨ ਹਸਪਤਾਲ ਪਹੁੰਚਾ ਕੇ ਉਹਦਾ ਓਪਰੇਸ਼ਨ ਕਰਵਾ ਦਿੱਤਾ ਜਾਂਦਾ ਤਾਂ ਉਹਦੀ ਜਾਨ ਬਚ ਸਕਦੀ ਸੀ।

ਉਸ ਸ਼ਾਮ ਇਨ੍ਹਾਂ ਨੌਜਵਾਨਾਂ ਕੋਲ ਰੋਟੀ ਖਾਣ ਜੋਗੇ ਪੈਸੇ ਵੀ ਨਹੀਂ ਸਨ। ਆਜ਼ਾਦ ਨੇ ਕਿਸੇ ਤੋਂ ਦੱਸ ਰੁਪਏ ਉਧਾਰ ਮੰਗਵਾ ਕੇ ਪੇਟ-ਪੂਜਾ ਦਾ ਪ੍ਰਬੰਧ ਕੀਤਾ ਸੀ। ਉਹ ਰਾਤ ਆਜ਼ਾਦ, ਭਗਤ ਸਿੰਘ ਅਤੇ ਰਾਜਗੁਰੂ ਨੇ ਉਸ ਮਕਾਨ ਵਿੱਚ ਕੱਟੀ ਸੀ, ਜਿਹੜਾ ਕੁੱਝ ਦਿਨ ਪਹਿਲਾਂ ਸੁਖ ਦੇਵ ਨੇ ਕਿਰਾਏ 'ਤੇ ਲੈ ਕੇ ਉਥੇ ਆਪਣੀ ਮਾਤਾ ਜੀ ਨੂੰ ਠਹਿਰਾਇਆ ਹੋਈਆ ਸੀ, ਤਾਕਿ ਘਰ ਸਧਾਰਨ ਜਿਹਾ ਲੱਗੇ।

ਸਾਂਡਰਸ ਦੇ ਕਤਲ ਮਗਰੋਂ, ਗੁਲਾਬੀ ਰੰਗ ਦੇ ਕਈ ਇਸ਼ਤਿਹਾਰ, ਜਿਨ੍ਹਾਂ ਵਿੱਚੋਂ ਕੁੱਝ ਕੁ ਭਗਤ ਸਿੰਘ ਦੇ ਲਿਖੇ ਸਨ, ਜਿਨ੍ਹਾਂ ਦਾ ਸਿਰਲੇਖ ਸੀ, "ਸਾਂਡਰਸ ਮਰ ਗਿਆ ਹੈ, ਲਾਲਾ ਜੀ ਦੀ ਮੌਤ ਦਾ ਬਦਲਾ ਲੈ ਲਿਆ ਗਿਆ ਹੈ।" ਇਨ੍ਹਾਂ ਇਸ਼ਤਿਹਾਰਾਂ ਨੂੰ ਰਾਤੋ-ਰਾਤ ਲਾਹੌਰ 'ਚ ਕਈ ਥਾਂਈ ਚਿਪਕਾ ਦਿੱਤਾ ਗਿਆ ਸੀ।

ਪਰ ਕੀ ਇਹ ਸੰਭਵ ਸੀ ਕਿ ਪੁਲਿਸ ਕੋਲ ਗੋਲੀ ਚਲਾਉਣ ਵਾਲੇ ਦੋਸ਼ੀਆਂ ਦਾ ਕੋਈ ਸੁਰਾਗ ਹੀ ਨਾ ਹੋਵੇ, ਜਦੋਂ ਕਿ ਕਤਲ ਵੀ ਦਿਨ-ਦਿਹਾੜੇ, ਪੁਲਿਸ ਦੇ ਮੁੱਖ ਦਫ਼ਤਰ ਦੇ ਸਾਹਮਣੇ ਜਰਨੈਲੀ ਸੜਕ ਤੇ ਹੋਇਆ ਹੋਵੇ ਅਤੇ ਵਾਰਦਾਤ ਨੂੰ ਕਈ ਲੋਕਾਂ ਨੇ, ਜਿਨ੍ਹਾਂ ਵਿੱਚ ਪੁਲਿਸ ਵਾਲੇ ਵੀ ਸ਼ਾਮਿਲ ਸਨ ਪੂਰੇ ਜਾਂ ਅਧੂਰੇ ਰੂਪ ਵਿੱਚ ਵੇਖਿਆ ਹੋਵੇ। ਸੋ ਇਹ ਬੜੀ ਹੈਰਾਨੀ ਵਾਲੀ ਗੱਲ ਸੀ ਕਿ ਪੁਲਿਸ ਫਿਰ ਵੀ ਹਨੇਰੇ ਵਿੱਚ ਹੀ ਟੱਕਰਾਂ ਮਾਰ ਰਹੀ ਲੱਗਦੀ ਸੀ; ਘਬਰਾਲੀ ਹੋਈ ਪੁਲਿਸ ਨੇ ਉਸੇ ਰਾਤੀਂ ਨੌਜਵਾਨ ਭਾਰਤ ਸਭਾ ਦੇ ਕਈ ਕਾਰਕੁਨ, ਜਿਨ੍ਹਾਂ ਵਿੱਚ ਹੰਸ ਰਾਜ ਵੋਹਰਾ ਵੀ ਸੀ, ਫੜ੍ਹ ਲਏ, ਜਿਹੜੇ ਕੁੱਝ ਦਿਨਾਂ ਮਗਰੋਂ ਰਿਹਾਅ ਕਰ ਦਿੱਤੇ ਗਏ ਸਨ।

ਉਧਰ ਜਿਨ੍ਹਾਂ ਨੇ ਇਹ ਵਾਰਦਾਤ ਕੀਤੀ ਸੀ, ਉਹ ਜਾਣਦੇ ਸਨ ਕਿ ਉਨ੍ਹਾਂ ਨੂੰ ਕਈ ਲੋਕਾਂ ਨੇ ਵੇਖਿਆ ਸੀ ਅਤੇ ਵੇਖਣ ਵਾਲਿਆਂ ਵਿੱਚ ਕਈ ਪੁਲਿਸ ਵਾਲੇ ਵੀ ਸਨ। ਇਸ ਲਈ ਉਨ੍ਹਾਂ ਨੂੰ ਆਪਣੀ ਪਛਾਣ ਛੁਪਾਉਣ ਦੀ ਬੜੀ ਲੋੜ ਸੀ। ਸੋ ਉਹ ਲਾਹੌਰ ਤੋਂ ਵੱਧ ਤੋਂ ਵੱਧ ਸੁਰੱਖਿਅਤ ਢੰਗ ਨਾਲ ਨਿਕਲਣ ਲਈ ਤੱਤਪਰ ਸਨ; ਜਦਕਿ ਰੇਲਵੇ ਸਟੇਸ਼ਨ ਤੇ ਪੁਲਿਸ ਅਤੇ ਖ਼ੁਫ਼ੀਆ ਏਜੰਸੀ ਦੀ ਕੜੀ ਨਜ਼ਰ ਸੀ।

ਪਾਰਟੀ ਦੇ ਪੰਜਾਬ ਮੁੱਖੀ ਸੁਖ ਦੇਵ ਦੀ ਹੀ ਜ਼ਿੰਮੇਵਾਰੀ ਸੀ, ਇਨ੍ਹਾਂ ਨੂੰ ਬਚਾ ਕੇ ਲਾਹੌਰੋਂ ਕੱਢਣ ਦੀ, ਤੇ ਉਹਦੀ ਟੇਕ ਲੈ-ਦੇ ਕੇ ਵੋਹਰਾ ਪਰਿਵਾਰ ਤੇ ਹੀ ਸੀ। ਭਗਵਤੀ 'ਭਾਈ' ਕਲਕੱਤੇ ਕਾਂਗਰਸ ਦੇ ਸ਼ੈਸਨ ਵਿੱਚ ਭਾਗ ਲੈਣ ਗਏ ਹੋਏ ਸਨ। 18 ਦਸੰਬਰ ਸਾਮੀਂ ਸੁਖ ਦੇਵ ਨੇ ਦੁਰਗਾ 'ਭਾਬੀ' ਕੋਲ ਪੈਸਿਆਂ ਲਈ ਪਹੁੰਚ ਕੀਤੀ, ਤਾਂ ਭਾਬੀ ਨੇ 500 ਰੁਪਏ, ਜਿਹੜੇ ਭਗਵਤੀ ਜੀ ਕਲਕੱਤੇ ਜਾਣ ਵੇਲੇ ਉਨ੍ਹਾਂ ਨੂੰ ਦੇ ਗਏ ਹੋਏ ਸਨ, ਚੁਪਚਾਪ ਸੁਖ ਦੇਵ ਨੂੰ ਸੌਂਪ ਦਿੱਤੇ। ਸੁਖ ਦੇਵ ਨੇ 19 ਦਸੰਬਰ ਦੀ ਸ਼ਾਮ ਨੂੰ ਅੱਠ ਕੁ ਵਜੇ ਫਿਰ ਉਨ੍ਹਾਂ ਦੇ ਘਰ ਜਾ ਕੇ ਪੁਛਿਆ, "ਕੀ ਲਾਹੌਰ ਛੱਡ ਸਕਦੇ ਹੋ?"...

ਕੁੱਝ ਚਿਰ ਪਿਛੋਂ ਸੁਖ ਦੇਵ ਨਾਲ ਇੱਕ ਲੰਮਾ ਨੌਜਵਾਨ ਆਇਆ, ਜਿਸ ਨੇ ਓਵਰਕੋਟ ਪਹਿਨਿਆ ਹੋਇਆ ਸੀ, ਸਿਰ ਤੇ ਟੋਪ ਸੀ ਅਤੇ ਨਾਲ ਇੱਕ **ਨੌਕਰ** ਸੀ। ਭਾਬੀ ਵੀ ਸਾਹਮਣੇ ਹੀ ਬੈਠੀ ਸੀ ਅਤੇ ਸਖ ਦੇਵ ਵੱਲ ਵੇਖ ਰਹੀ ਸੀ। ਉਸ ਦਾ ਓਪਰੇ ਨੌਜਵਾਨ ਵੱਲ ਕੋਈ ਧਿਆਨ ਨਹੀਂ ਸੀ। ਉਹਦੇ ਵੱਲ ਇਸ਼ਾਰਾ ਕਰਦਿਆਂ ਸੁਖ ਦੇਵ ਨੇ ਭਾਬੀ ਨੂੰ ਕਿਹਾ, 'ਕੀ ਤੁਸੀਂ ਇਸ ਨੂੰ ਪਛਾਣਦੇ ਹੋ?' ਉਸ ਵੱਲ ਗਹੁ ਨਾਲ ਵੇਖਦਿਆਂ ਈ, ਉਸ ਨੇ ਕਿਹਾ, 'ਭਗਤ!' ਤਾਂ ਭਗਤ ਸਿੰਘ ਅਤੇ ਸੁਖ ਦੇਵ ਹੱਸ ਪਏ।

ਫੈਸਲਾ ਇਹ ਕੀਤਾ ਗਿਆ ਕਿ ਉਹ ਅਗਲੀ ਸਵੇਰ ਨੂੰ ਸਾਢੇ ਪੰਜ ਵਜੇ ਕਲਕੱਤਾ ਮੇਲ 'ਤੇ ਰਵਾਨਾ ਹੋਣਗੇ। ਭਗਤ ਸਿੰਘ ਨੇ ਓਵਰਕੋਟ ਪਹਿਨ ਲਿਆ, ਕਾਲਰ ਉਪਰ ਨੂੰ ਉਲਟਾ ਲਏ, ਜਿਨ੍ਹਾਂ ਨਾਲ ਉਸ ਦਾ ਚਿਹਰਾ ਢਕਿਆ ਰਹੇ ਤੇ ਨਨ੍ਹਾ ਸ਼ੱਚੀ ਵੀ ਉਹਦੀ ਗੋਦ ਵਿੱਚ ਸੀ, ਉਹਨੂੰ ਵੀ ਭਗਤ ਸਿੰਘ ਨੇ ਅਪਣਾ ਮੂੰਹ ਲੁਕਾਉਣ ਦਾ ਸਾਧਨ ਬਣਾ ਲਿਆ। ਭਾਬੀ ਠਾਠ ਨਾਲ ਸਜੀ-ਧਜੀ ਉਸ ਦੇ ਨਾਲ ਸੀ ਅਤੇ ਰਾਜਗੁਰੂ ਵੀ ਨੌਕਰ ਵਜੋਂ ਨਾਲ ਸੀ। ਭਗਤ ਸਿੰਘ ਅਤੇ ਰਾਜਗੁਰੂ ਦੋਹਾਂ ਕੋਲ ਭਰੇ ਹੋਏ ਪਿਸਤੌਲ ਸਨ...ਲਖਨਊ ਪਹੁੰਚ ਕੇ ਉਨ੍ਹਾਂ ਨੇ ਕੁੱਝ ਘੰਟੇ ਵੇਟਿੰਗ ਰੂਮ ਘਰ ਵਿੱਚ ਗੁਜ਼ਾਰੇ। ਇਥੋਂ ਰਾਜਗੁਰੂ ਉਨ੍ਹਾਂ ਨਾਲੋਂ ਵੱਖ ਹੋ ਗਿਆ।

ਭਗਵਤੀ ਭਾਈ ਨੂੰ ਲਖਨਊ ਤੋਂ ਕਲਕੱਤੇ ਵੱਲ ਨੂੰ ਸੁਸ਼ੀਲਾ 'ਦੀਦੀ' ਦੇ ਪਤੇ ਤੇ ਤਾਰ ਦਿੱਤੀ ਗਈ, 'ਭਰਾ ਨਾਲ ਆ ਰਹੀ ਹਾਂ, ਦੁਰਗਾਵਤੀ।' ਤਾਰ ਪੜ੍ਹਨ ਵਾਲਿਆਂ ਨੂੰ ਸਮਝ ਨਾ ਆਵੇ ਕਿ ਇਹ ਦੁਰਗਾਵਤੀ ਕੌਣ ਸੀ? ਕਾਰਨ ਇਹ ਸੀ ਕਿ ਇਹ ਨਾਂ ਦੁਰਗਾ ਭਾਬੀ ਨੇ ਕਦੇ ਨਹੀਂ ਸੀ ਵਰਤਿਆ ਅਤੇ ਇਹ ਵੀ ਸਮਝ ਨਹੀਂ ਸੀ ਪੈ ਰਹੀ ਕਿ ਇਹ ਭਰਾ ਕੌਣ ਸੀ? ਸਮਝ ਨਾ ਆਉਣ ਦਾ ਕਾਰਨ ਇਹ ਵੀ ਸੀ ਕਿ ਭਗਵਤੀ ਭਾਈ, ਦੁਰਗਾ ਭਾਬੀ ਨੂੰ ਕਲਕੱਤੇ ਨਾਲ ਲੈ ਜਾਣਾ ਚਾਹੁੰਦੇ ਸੀ, ਪਰ ਦੁਰਗਾ ਭਾਬੀ ਨੇ ਜਾਣ ਤੋਂ ਸਾਫ਼ ਇਨਕਾਰ ਕੀਤਾ ਸੀ।

ਉਨ੍ਹਾਂ ਦੇ ਕਲਕੱਤਾ ਰੇਲਵੇ ਸਟੇਸ਼ਨ ਪਹੁੰਚਣ 'ਤੇ ਹੀ ਸਾਰੀ ਬੁਝਾਰਤ ਦੀ ਸਮਝ ਆਈ ਜਿੱਥੇ ਸੁਸ਼ੀਲਾ ਦੀਦੀ ਤੇ ਭਗਵਤੀ ਚਰਨ ਉਹਨਾਂ ਨੂੰ ਲੈਣ ਵਾਸਤੇ ਆਏ ਹੋਏ ਸਨ। ਭਗਵਤੀ ਭਾਈ ਖੁਸ਼ੀ ਨਾਲ ਗਦ-ਗਦ ਹੋ ਗਿਆ ਤੇ ਉਸੇ ਵੇਲੇ ਸੁਪਤਨੀ ਦੇ ਮੋਢੇ ਤੇ ਹੱਥ ਰੱਖਦਿਆਂ ਉਸ ਨੇ ਕਿਹਾ, "ਮੈਂ ਤੈਨੂੰ ਅੱਜ ਪਛਾਣਿਆ ਹੈ।"

ਜ਼ਿਕਰਯੋਗ ਹੈ ਕਿ ਕਲਕੱਤੇ ਪਹੁੰਚ ਕੇ ਭਗਤ ਸਿੰਘ, ਦੁਰਗਾ 'ਭਾਬੀ' ਅਤੇ ਭਗਵਤੀ ਚਰਨ ਪੰਜਾਬੀ ਸੇਠ ਛੱਜੂ ਮੱਲ ਦੀ ਹਵੇਲੀ 'ਚ ਠਹਿਰੇ ਸਨ, ਜਿੱਥੇ ਸੁਸ਼ੀਲਾ ਦੀਦੀ, ਉਹਨਾਂ ਦੀ ਬੇਟੀ ਨੂੰ ਉਹਨਾਂ ਦੇ ਘਰ ਰਹਿਕੇ ਪੜ੍ਹਾ ਰਹੀ ਸੀ।

25 ਦਸਬਰ ਨੂੰ ਚੰਦਰ ਸ਼ੇਖਰ ਆਜ਼ਾਦ ਸੁਖਦੇਵ ਦੇ ਮਾਤਾ ਜੀ, ਭੈਣ ਅਤੇ ਪੰਡਤ ਕਿਸ਼ੋਰੀ ਲਾਲ ਨਾਲ ਦਿੱਲੀ ਚਲੇ ਗਏ ਸਨ।

ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109
ਫੋਨ: 0172-2556314
ਈਮੇਲ: mjswaraich29@gmail.com